# ਧੂੰਆਂ ਰਹਿਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਘਰੇਲੂ ਸੇਹਤ ਸੰਭਾਲ ਕਰਮਚਾਰੀਆਂ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਘਰੇਲੂ ਸੇਹਤ ਸੰਭਾਲ ਕਰਮਚਾਰੀ

ਇੱਕ ਘਰੇਲੂ ਸੇਹਤ ਸੰਭਾਲ ਕਰਮਚਾਰੀ, ਸਮਾਜ ਸੰਭਾਲ ਪਹੁੰਚ ਮੰਡਲੀ ਜਾਂ ਸੇਹਤ ਅਤੇ ਲੰਬੇ-ਅੰਤਰਾਲ ਸੰਭਾਲ ਮੰਤਰਾਲੇ ਤੋਂ ਪੂੰਜੀ ਪ੍ਰਾਪਤ ਕਰਣ ਵਾਲੇ ਅਦਾਰੇ, ਜਾਂ ਸਥਾਨਕ ਸੇਹਤ ਏਕੀਕਰਣ ਨੈਟਵਰਕ ਦੁਆਰਾ ਪ੍ਰਬੰਧਤ ਉਹ ਵਿਅਕਤੀ ਹੈ ਜੋ ਨਿਜੀ ਘਰਾਂ ਵਿੱਚ ਸੇਹਤ-ਸੰਭਾਲ ਜਾਂ ਸੰਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ (ਜਿਵੇਂ ਕਿ, ਨਰਸਿੰਗ ਸੰਭਾਲ, ਗਾਹਕ ਦੇ ਸਨਾਨ ਲਈ ਸਹਾਇਕ, ਘਰ ਸੰਭਾਲ ਸੇਵਾਵਾਂ)।

### ਘਰੇਲੂ ਸੇਹਤ ਸੰਭਾਲ ਕਰਮਚਾਰੀਆਂ ਲਈ ਬਚਾਵ

- ਘਰੇਲੂ ਸੇਹਤ ਸੰਭਾਲ ਕਰਮਚਾਰੀਆਂ ਨੂੰ ਇਹ ਹੱਕ ਹੈ ਕਿ ਕਿਸੇ ਵਿਅਕਤੀ ਨੂੰ ਇਹ ਕਹਣ ਕਿ ਉਹ ਉਹਨਾਂ ਦੀ ਹਾਜ਼ਰੀ ਵਿੱਚ ਸਿਗਰੇਟ ਨਾ ਪੀਣ ਜਦੋਂ ਉਹ ਸੇਹਤ ਸੰਭਾਲ ਸੇਵਾਵਾਂ ਪ੍ਰਦਾਨ ਕਰ ਰਹੇ ਹੋਣ।
- ਜੇਕਰ ਕੋਈ ਮਨਾਂ ਕਰਦਾ ਹੈ ਤਾਂ ਘਰੇਲੂ ਸੇਹਤ ਸੰਭਾਲ ਕਰਮਚਾਰੀ ਅੱਗੇ ਸੇਵਾਵਾਂ ਨਾ ਪ੍ਰਦਾਨ ਕਰ ਕੇ ਉੱਥੋਂ ਜਾ ਸਕਦਾ ਹੈ-ਬਸ਼ਰਤੇ ਇਸ ਤਰਾਂ ਕਰਨ ਨਾਲ ਕਿਸੇ ਦੀ ਸੇਹਤ ਨੂੰ ਤੁਰੰਤ, ਗੰਭੀਰ ਖਤਰਾ ਨਾ ਪੈਦਾ ਹੁੰਦਾ ਹੋਵੇ।

### ਉਸ ਘਰੇਲੂ ਸੇਹਤ ਸੰਭਾਲ ਕਰਮਚਾਰੀ ਦੀਆਂ ਜ਼ਿੰਮੇਵਾਰੀਆਂ ਜੋ ਗਾਹਕ ਦਾ ਘਰ ਛੱਡ ਕੇ ਜਾਂਦਾ ਹੈ ਕਿਓਂ ਕਿ ਕੋਈ ਸਿਗਰੇਟ ਪੀ ਰਿਹਾ ਸੀ

30 ਮਿੰਟਾਂ ਦੇ ਅੰਦਰ, ਜਾਂ ਘਰ ਛੱਡਣ ਤੋਂ ਬਾਦ ਜਿੰਨੀ ਜਲਦੀ ਉਚਿਤ ਰੂਪ ਵਿੱਚ ਸੰਭਵ ਹੋਵੇ, ਘਰੇਲੂ ਸੇਹਤ ਸੰਭਾਲ ਕਰਮਚਾਰੀ ਅਪਣੇ ਮਾਲਕ ਨੂੰ ਫ਼ੋਨ ਕਰੇ:

- ਇਹ ਦੱਸਣ ਲਈ ਕਿ ਉਹ ਵਾਪਸ ਆ ਗਏ ਹਨ; ਅਤੇ
- ਹਾਲਾਤ ਅਤੇ ਅਗਲੇ 24 ਘੰਟਿਆਂ ਦੀਆਂ ਗਾਹਕ ਦੀ ਸੰਭਾਲ ਦੀਆਂ ਜਰੂਰਤਾਂ ਬਾਰੇ ਜਾਣਕਾਰੀ ਦੇਣ ਲਈ, ਜਿਹਨਾਂ ਵਿੱਚ ਸ਼ਾਮਲ ਹੈ:
  - ਕੀ ਗਾਹਕ ਦੀ ਸੰਭਾਲ ਲਈ ਕੋਈ ਉਪਯੁਕਤ ਵਿਅਕਤੀ ਹਾਜ਼ਰ ਹੈ ਅਤੇ ਉਪਲਭਧ ਹੈ,
  - ਕੀ ਗਾਹਕ ਨੂੰ ਅਗਲੇ 24 ਘੰਟਿਆਂ ਵਿੱਚ ਸੰਭਾਲ ਦਿ ਲੌੜ ਹੈ,
  - ਜਦੋਂ ਘਰੇਲੂ ਸੇਹਤ ਸੰਭਾਲ ਕਰਮਚਾਰੀ ਚਲਾ ਗਿਆ ਤਾਂ ਗਾਹਕ ਕਿਸ ਹਾਲਤ ਵਿੱਚ ਸੀ, ਅਤੇ
  - ਕੀ ਉੱਥੇ ਕੋਈ ਅਸਾਧਾਰਣ ਪਰੀਸਥਿਤੀਆਂ ਹਨ ਅਤੇ ਜੇ ਹਾਂ ਤਾਂ ਉਹ ਕੀ ਹਨ।

ਇਸ ਤੋਂ ਬਿਨਾ, ਘਰੇਲੂ ਸੇਹਤ ਸੰਭਾਲ ਕਰਮਚਾਰੀ ਨੂੰ ਅਪਣੇ ਮਾਲਕ ਵਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜੋ ਕਿ ਇਸ ਗੱਲ ਨੂੰ ਯਕੀਨੀ ਬਨਾਉਣ ਲਈ ਦਿੱਤੇ ਗਏ ਹੋਣ ਕਿ ਜਿਸ ਵਿਅਕਤੀ ਨੂੰ ਸੇਹਤ ਸੰਭਾਲ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਜਾਂ ਦੇਣੀਆਂ ਹਨ ਸੁਰੱਖਿਅਤ ਰਹੇ ਅਤੇ ਉਸ ਦੀ ਸੰਭਾਲ ਉਚਿਤ ਸੱਤਰ ਦੀ ਹੋਵੇ।

## ਮਾਲਕ ਦੀਆਂ ਜਿੰਮੇਵਾਰੀਆਂ

ਘਰੇਲੂ ਸੇਹਤ ਸੰਭਾਲ ਕਰਮਚਾਰੀਆਂ ਦੇ ਮਾਲਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਪਣੇ ਆਪ ਨੂੰ ਉਸ ਕਰਮਚਾਰੀ ਦੇ ਹੱਕਾਂ ਅਤੇ ਜਿੰਮੇਵਾਰੀਆਂ ਤੋਂ ਜਾਣੂ ਕਰਵਾਉਣ ਜੋ ਗਾਹਕ ਦਾ ਘਰ ਛੱਡਣਾ ਪਸੰਦ ਕਰਦਾ/ਕਰਦੀ ਹੈ ਕਿਓਂ ਕਿ ਕੋਈ ਵਿਅਕਤੀ ਕਰਮਚਾਰੀ ਦੀ ਬੇਨਤੀ ਕਿ ਉਹ ਉਹਨਾਂ ਦੀ ਹਾਜ਼ਰੀ ਵਿੱਚ ਸਿਗਰੇਟ ਨਾ ਪੀਣ ਨੂੰ ਨਹੀਂ ਮੰਨਦਾ।

## ਪਾਲਣਾ

ਸਥਾਨਕ ਜਨਤੱਕ ਸੇਹਤ ਇਕਾਇਆਂ ਕਨੂੰਨ ਦੀ ਪਾਲਣਾ ਕਰਵਾਉਣ ਨੂੰ ਯਕੀਨੀ ਬਨਾਉਣ ਲਈ ਜਿੰਮੇਵਾਰ ਹਨ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006